ਸਪੀਡ ਪੋਸਟ ਆਰ.ਟੀ.ਆਈ

ਵੱਲੋ ਇੰਸਪੈਕਟਰ ਜਨਰਲ ਪੁਲਿਸ -ਕਮ-
ਲੋਕ ਸੂਚਨਾ ਅਫਸਰ,
ਆਈ.ਆਰ.ਬਨਜ਼,ਪੰਜਾਬ,ਪਟਿਆਲਾ।

13224
7918

ਵੱਲ ਸ੍ਰੀ ਕਵਰਜੀਤ ਸਿੰਘ ਪੁੱਤਰ ਜ਼ਿਰਾਰ ਸਿੰਘ ,
ਵਾਸੀ ਪਿੰਡ ਫਿਰੋਜੇਵਾਲ ਬਾੜਾ, ਤਹਿਸੀਲ ਧਰਮਕੋਟ,
ਜਿਲ੍ਹਾ ਮੋਗਾ ਹੁਣ ਬਾਬਾ ਪਾਲਾ ਸਿੰਘ ਰੋਡ, ਧਰਮਕੋਟ ।

ਨੰਬਰ /ਏ-3, ਮਿਤੀ:

ਵਿਸ਼ਾ: ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਮੰਗੀ ਗਈ ਸੂਚਨਾ ਦੇ ਸਬੰਧ ਵਿੱਚ।

ਪੱਤਰ:

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਸੂਚਨਾ ਦੇ ਅਧਿਕਾਰ ਐਕਟ ਸਾਲ-2005 ਤਹਿਤ ਸੂਚਨਾ ਲੈਣ ਸਬੰਧੀ ਭੇਜੀ ਗਈ ਦਰਖਾਸਤ, ਜੋ ਕਿ ਕਮਾਂਡੈਂਟ, ਤੀਸਰੀ ਆਈ.ਆਰ.ਬੀ ਲੁਧਿਆਣਾ ਨੂੰ ਸੰਬੋਧਿਤ ਹੈ, ਇਸ ਦਫਤਰ ਨੂੰ ਪ੍ਰਾਪਤ ਹੋਈ ਹੈ। ਜਿਸ ਰਾਹੀਂ ਆਪ ਵਲੋਂ ਰਾਜਬੀਰ ਸਿੰਘ ਪੁੱਤਰ ਲੇਟ ਸ੍ਰੀ ਮਹਿੰਦਰ ਸਿੰਘ, ਵਾਸੀ ਪਿੰਡ ਫਿਰੋਜੇਵਾਲ ਬਾੜਾ, ਤਹਿਸੀਲ ਧਰਮਕੋਟ, ਜਿਲ੍ਹਾ ਮੋਗਾ ਦੇ ਸਾਲ 2009 ਵਿੱਚ ਤੀਜੀ ਆਈ.ਆਰ.ਬੀ ਵਿੱਚ ਭਰਤੀ ਦੇ ਸਬੰਧ ਵਿੱਚ ਉਮਦੀ ਭਰਤੀ ਵਿਧੀ, ਸਰਵਿਸ ਰਿਕਾਰਡ, ਵਿਦਿਅਕ ਸਰਟੀਫਿਕੇਟ, ਜਾਤੀ ਸਰਟੀਫਿਕੇਟ ਸਬੰਧੀ ਸੂਚਨਾ ਮੰਗੀ ਗਈ ਹੈ। ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਜਾਰੀ ਹੋਏ ਨੋਟੀਫਿਕੇਸ਼ਨ ਨੰਬਰ ਐਸ.ਓ.49/ਸੀ.ਏ.22/2005/ਐਸ. 24/2016, ਮਿਤੀ 07 ਜੂਨ 2016 ਅਨੁਸਾਰ ਇੰਡੀਆ ਰਿਜਰਵ ਬਟਾਲੀਅਨਜ, ਪੰਜਾਬ ਨੂੰ ਸੂਚਨਾ ਦੇਣ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਿਆ ਗਿਆ ਹੈ। ਇਸ ਲਈ ਆਰ.ਟੀ.ਆਈ. ਐਕਟ-2005 ਦੇ ਸਬ-ਸੈਕਸ਼ਨ (4) ਆਫ ਸੈਕਸ਼ਨ 24 ਦੀ ਪ੍ਰੋਵੀਜਨ ਅਤੇ ਉਕਤ ਨੋਟੀਫਿਕੇਸ਼ਨ ਅਨੁਸਾਰ ਆਪ ਨੂੰ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ।

ਜੇਕਰ ਆਪ ਇਸ ਦਫਤਰ ਵੱਲੋਂ ਦਿੱਤੀ ਗਈ ਸੂਚਨਾ ਨਾਲ ਸਹਿਮਤ ਨਹੀ ਹੋ, ਤਾਂ ਆਪ ਇਸ ਇਸ ਪੱਤਰ ਨੂੰ ਮਿਲਣ ਤੇ 30 ਦਿਨਾਂ ਦੀ ਸਮਾਂ ਸੀਮਾ ਦੇ ਵਿੱਚ ਇਸ ਸਬੰਧੀ ਸ੍ਰੀ ਕੁਲਦੀਪ ਸਿੰਘ, ਆਈ.ਪੀ.ਐਸ, ਵਧੀਕ ਡਾਇਰੈਕਟਰ ਜਨਰਲ ਪੁਲਿਸ, ਆਰਮਡ ਬਨਜ-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਆਰਮਡ ਬਨਜ , ਸੈਂਟਰਲ ਸਪੋਰਟਸ ਜਲੰਧਰ ਛਾਉਣੀ ਕੋਲ ਅਪੀਲ ਕਰ ਸਕਦੇ ਹੋ।

ਇੰਸਪੈਕਟਰ ਜਨਰਲ ਪੁਲਿਸ-ਕਮ-,
ਲੋਕ ਸੂਚਨਾਂ ਅਫਸਰ,
ਆਈ.ਆਰ.ਬਨਜ਼,ਪੰਜਾਬ,ਪਟਿਆਲਾ।

ਨੰਬਰ 16731-33 /ਏ-3, ਮਿਤੀ: 05-09-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਇੰਸਪੈਕਟਰ ਜਨਰਲ ਪੁਲਿਸ/ਪ੍ਰਸ਼ਾਸਨ-ਕਮ-ਸਹਾਇਕ ਲੋਕ ਸੂਚਨਾ ਅਫਸਰ, ਇੰਡੀਆ ਰਿਜਰਵ ਬਟਾਲੀਅਨਜ, ਪੰਜਾਬ,ਪਟਿਆਲਾ । (ਸਮੇਤ ਸਬੰਧਤ ਦਸਤਾਵੇਜ)।
2. ਕਮਾਂਡੈਂਟ, ਤੀਸਰੀ ਆਈ.ਆਰ.ਬੀ, ਲੁਧਿਆਣਾ।
3. ਇੰਚਾਰਜ,ਵੈਬਸਾਇਟ ਦਫਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਆਰਮਡ ਬਟਾਲੀਅਨਜ, ਜਲੰਧਰ ਨੂੰ ਉਹਨਾਂ ਦੇ ਦਫਤਰ ਦੇ ਪਿੱਠ ਅੰਕਣ ਨੰਬਰ 34303-11/ਈ 6,ਮਿਤੀ 23.10.2015 ਦੇ ਸਬੰਧ ਵਿੱਚ।

5/9/18

ਇੰਸਪੈਕਟਰ ਜਨਰਲ ਪੁਲਿਸ-ਕਮ-,
ਲੋਕ ਸੂਚਨਾ ਅਫਸਰ,
ਆਈ.ਆਰ.ਬਨਜ਼,ਪੰਜਾਬ,ਪਟਿਆਲਾ।